BRAMPTON

**Media Release**

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਦੀ ਰੀਜਨਲ ਕਾਉਂਸਲਰ ਰੋਏਨਾ ਸੈਨਟੋਸ ਨੂੰ 2023-2024 ਟਰਮ ਲਈ ਫੈਡਰੇਸ਼ਨ ਆਫ ਕੈਨੇਡਿਅਨ ਮਿਊਨਿਸਿਪਲਟੀਜ ਬੋਰਡ ਵਿੱਚ ਦੁਬਾਰਾ ਚੁਣਿਆ ਗਿਆ

ਬ੍ਰੈਂਪਟਨ, ਓਨਟੈਰੀਓ (29 ਮਈ, 2022) – ਫੈਡਰੇਸ਼ਨ ਆਫ ਕੈਨੇਡਿਅਨ ਮਿਊਨਿਸਿਪਲਟੀਜ (ਐਫ.ਸੀ.ਐਮ.) (Federation of Canadian Municipalities) (FCM) ਨੇ, ਬ੍ਰੈਂਪਟਨ ਦੀ ਰੀਜਨਲ ਕਾਉਂਸਲਰ ਰੋਏਨਾ ਸੈਨਟੋਸ (Rowena Santos) ਨੂੰ, ਚੌਥੀ ਸਟ੍ਰੇਟ ਟਰਮ ਲਈ, ਆਪਣੇ ਬੋਰਡ ਵਿੱਚ ਚੁਣਿਆ ਹੈ।

ਐਫ.ਸੀ.ਐਮ. (FCM), 1901 ਤੋਂ ਕੈਨੇਡਾ ਦੀ ਮਿਊਨਿਸਿਪਲ ਸਰਕਾਰ ਦੀ ਰਾਸ਼ਟਰੀ ਅਵਾਜ਼ ਰਹੀ ਹੈ। ਇਸਦੇ ਮੈਂਬਰਾਂ ਵਿੱਚ ਪੂਰੇ ਦੇਸ਼ ਦੀਆਂ 2,000 ਤੋਂ ਵੱਧ ਮਿਊਨਿਸਿਪਲਟੀਜ ਸ਼ਾਮਲ ਹਨ, ਜੋ ਸਾਰੇ ਕੈਨੇਡਾ ਵਾਸੀਆਂ ਦੀ 90 ਪ੍ਰਤੀਸ਼ਤ ਅਬਾਦੀ ਦੀ ਨੁਮਾਇੰਦਗੀ ਕਰਦੀਆਂ ਹਨ। ਫੈਡਰੇਸ਼ਨ ਆਫ ਕੈਨੇਡਿਅਨ ਮਿਊਨਿਸਿਪਲਟੀਜ ਦੀ ਸਾਲਾਨਾ ਕਾਨਫਰੰਸ (Annual Conference) ਅਤੇ ਟ੍ਰੇਡ ਸ਼ੋਅ (Trade Show), 25 ਤੋਂ 28 ਮਈ ਤੱਕ ਟੋਰੋਂਟੋ ਵਿੱਚ ਆਯੋਜਿਤ ਕੀਤਾ ਗਿਆ ਸੀ। ਇਸ ਸਾਲ ਦਾ ਥੀਮ, *ਲੋਕਲ ਐਕਸ਼ਨ, ਨੈਸ਼ਨਲ ਰਿਜਲਟਸ (Local Action, National Results)* ਹੈ।

ਕਾਉਂਸਲਰ ਸੈਨਟੋਸ, 2020 ਤੋਂ ਐਫ.ਸੀ.ਐਮ. ਦੀ ਬੋਰਡ ਮੈਂਬਰ ਵਜੋਂ ਕੰਮ ਕਰ ਰਹੇ ਹਨ। ਸ਼ੁਰੂ ਤੋਂ ਹੀ, ਐਂਟੀ-ਨਸਲਵਾਦ ਅਤੇ ਬਰਾਬਰੀ ਕਮੇਟੀ (Anti-Racism and Equity Committee) ਦੀ ਵਾਈਸ ਚੇਅਰ ਵਜੋਂ, ਅੱਗੇ ਵਧਣ ਨੂੰ ਤਰਜੀਹ ਦੇਣ ਲਈ, ਇਹ ਮੂਲ ਅਧਾਰ ਅਤੇ ਵੱਧ ਸ਼ਮੂਲੀਅਤ ਵਾਲਾ ਮਹੌਲ ਵਧਾਉਣ ਲਈ ਕੰਮ ਜਾਰੀ ਰਹੇਗਾ।

ਹਰ ਸਾਲ ਕਾਨਫਰੰਸ, ਸਿਟੀ ਆਫ ਬ੍ਰੈਂਪਟਨ ਨੂੰ ਮੁੱਖ ਮੁੱਦਿਆਂ ਤੇ ਚਰਚਾ ਕਰਨ ਅਤੇ ਫੈਡਰਲ ਸਰਕਾਰ (Federal Government) ਤੋਂ ਸਹਿਯੋਗ ਅਤੇ ਫੰਡਿੰਗ ਦੀ ਹਿਮਾਇਤ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ। 2023 ਲਈ ਸਿਟੀ ਦੀ ਹਿਮਾਇਤ ਦੀਆਂ ਤਰਜੀਹਾਂ ਵਿੱਚ ਸ਼ਾਮਲ ਹਨ:

- ਬਿਹਤਰ ਟ੍ਰਾਂਜ਼ਿਟ ਬਣਾਉਣ ਦੀ ਵਚਨਬੱਧਤਾ;
- ਬ੍ਰੈਂਪਟਨ ਦੇ ਵਸਨੀਕਾਂ ਲਈ ਰਿਹਾਇਸ਼ ਵਿਕਲਪ ਅਤੇ ਸੰਪੰਨ ਕਮਿਉਨਿਟੀਜ ਪ੍ਰਦਾਨ ਕਰਨਾ;
- ਸਰਗਰਮ ਟ੍ਰਾਂਸਪੋਰਟੇਸ਼ਨ ਇੰਫਰਾਸਟ੍ਰਕਚਰ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਸਥਿਰ ਫੰਡਿੰਗ;
- ਜਲਵਾਯੂ ਸਬੰਧੀ ਬਦਲਾਅ ਗ੍ਰਹਿਣ ਕਰਨ ਅਤੇ ਸਥਿਰਤਾ ਨੂੰ ਅੱਗੇ ਵਧਾਉਣ ਲਈ ਨਿਵੇਸ਼; ਅਤੇ,
- ਆਰਥਿਕ ਵਿਕਾਸ ਅਤੇ ਬਹਾਲੀ, ਨੌਕਰੀਆਂ ਅਤੇ ਵਾਧੇ ਵਿੱਚ ਨਿਵੇਸ਼।

ਸਿਟੀ ਦੀ ਹਿਮਾਇਤ ਬਾਰੇ ਹੋਰ ਜਾਣਕਾਰੀ, ਸਿਟੀ ਆਫ ਬ੍ਰੈਂਪਟਨ ਦੀ, ਵੈਬਸਾਈਟ (website) ਤੇ ਉਪਲਬਧ ਹੈ।

**ਹਵਾਲੇ**

"ਕੈਨੇਡਾ ਵਿੱਚ ਦੁਬਾਰਾ ਚੁਣੇ ਜਾਣਾ ਅਤੇ ਮੇਰੇ ਸਾਥੀਆਂ ਦੇ ਨਾਲ, ਕੰਮ ਕਰਨਾ ਜਾਰੀ ਰੱਖਣਾ ਸਨਮਾਨ ਦੀ ਗੱਲ ਹੈ। ਦੇਸ਼ ਵਿੱਚ ਬੇਬਾਕ ਅਤੇ ਤਾਲਮੇਲ ਵਾਲੀ ਕਾਰਵਾਈ ਦੇ ਨਾਲ, ਅਸੀਂ ਲੋਕਲ ਕਾਰਵਾਈ ਅਤੇ ਰਾਸ਼ਟਰੀ ਨਤੀਜਿਆਂ ਦੇ ਨਾਲ, ਮਿਊਨਿਸਿਪਲਟੀਜ ਲਈ ਅਵਾਜ਼ ਪ੍ਰਦਾਨ ਕਰਨਾ ਜਾਰੀ ਰੱਖ ਸਕਦੇ ਹਾਂ। ਸਾਰਿਆਂ ਲਈ ਸ਼ਮੂਲੀਅਤ ਵਾਲੀਆਂ ਥਾਵਾਂ ਅਤੇ ਸਹਿਯੋਗਾਤਮਕ ਮਹੌਲ ਪੈਦਾ ਕਰਨ ਤੇ ਧਿਆਨ ਦੇ ਕੇ, ਮੈਂ ਇੱਕ ਹੋਰ ਸਾਲ ਲਈ ਐਫ.ਸੀ.ਐਮ. ਦੇ ਨਾਲ ਕੰਮ ਜਾਰੀ ਰੱਖਣ ਲਈ ਬੇਹੱਦ ਉਤਸ਼ਾਹਿਤ ਹਾਂ।"

*- ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਸਿਟੀ ਆਫ ਬ੍ਰੈਂਪਟਨ*

"ਅਸੀਂ ਬਹੁਤ ਖੁਸ਼ਕਿਸਮਤ ਹਾਂ ਕਿ ਐਫ.ਸੀ.ਐਮ. ਵਿਖੇ ਬੋਰਡ ਵਿੱਚ ਕਾਉਂਸਲਰ ਸੈਨਟੋਸ ਦੀ ਅਵਾਜ਼ ਮਹੱਤਵਪੂਰਣ ਵਿਸ਼ਿਆਂ ਨੂੰ ਅੱਗੇ ਵਧਾ ਰਹੀ ਹੈ, ਜੋ ਦੇਸ਼ ਵਿੱਚ ਬਿਹਤਰ ਕਮਿਉਨਿਟੀਜ ਬਣਾਵੇਗੀ। ਬ੍ਰੈਂਪਟਨ ਸਿਟੀ ਕਾਉਂਸਿਲ ਦੇ ਵੱਲੋਂ, ਮੈਂ ਕਾਉਂਸਲਰ ਸੈਨਟੋਸ ਨੂੰ ਇੱਕ ਹੋਰ ਸਾਲ ਲਈ, ਐਫ.ਸੀ.ਐਮ. ਬੋਰਡ ਆਫ ਡਾਇਰੈਕਟਰਸ ਵਜੋਂ ਕੰਮ ਕਰਨ ਲਈ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ।"

\- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 70,000 ਲੋਕਾਂ ਅਤੇ 90,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca